# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਟੈਂਟ ਆਦਿ ਲਗਾ ਕੇ ਸੜਕਾਂ ਅਤੇ ਗਲੀਆਂ ਖਰਾਬ ਕਰਨ ਵਾਲੇ ਦੁਕਾਨਦਾਰਾਂ ਨੂੰ ਕੀਤਾ ਜਾਵੇਗਾ ਜੁਰਮਾਨਾ....... ਕਾਰਜ ਸਾਧਕ ਅਫਸਰ

ਹੁਸ਼ਿਆਰਪੁਰ 18 ਅਕਤੂਬਰ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਜਾਣਕਾਰੀ ਦਿਦਿੰਆ ਦਸਿੱਆ ਕਿ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਸੜਕਾਂ ਅਤੇ ਗਲੀਆਂ ਦੇ ਨਾਲ ਨਿਰਮਾਣ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਪਰ ਦੇਖਣ ਵਿੱਚ ਆਇਆ ਹੈ ਕਿ ਤਿਉਹਾਰਾਂ ਦੇ ਮੋਕੇ ਤੇ ਦੁਕਾਨਦਾਰਾਂ ਵੱਲੋ ਨਵੀਆਂ ਬਣੀਆਂ ਸੜਕਾਂ ਤੇ ਟੈਂਟ ਆਦਿ ਲਗਾ ਕੇ ਸੜਕ ਨੂੰ ਖਰਾਬ ਕੀਤਾ ਜਾ ਰਿਹਾ ਹੈ। ਇਸੇ ਦੋਰਾਨ ਪ੍ਰੀਮਿਕਸ ਦੀਆਂ ਸੜਕਾਂ ਤੇ ਦੁਕਾਨਦਾਰਾਂ ਅਤੇ ਆਮ ਸ਼ਹਿਰੀਆਂ ਵੱਲੋਂ ਪਾਣੀ ਛਡਿੱਆ ਜਾ ਰਿਹਾ ਹੈ ਜਿਸ ਨਾਲ ਸੜਕਾਂ ਖਰਾਬ ਹੋ ਰਹੀਆਂ ਹਨ। ਉਹਨ੍ਹਾਂ ਦਸਿੱਆ ਕਿ ਇਸ ਤਰ੍ਹਾ ਸੜਕਾਂ ਖਰਾਬ ਕਰਨ ਵਾਲੇ ਅਤੇ ਆਮ ਸ਼ਹਿਰ ਵਾਸੀਆਂ ਨੂੰ ਨਗਰ ਨਿਗਮ ਵੱਲੋਂ ਰੂਲਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ। ਉਹਨ੍ਹਾਂ ਨੇ ਹੋਰ ਦਸਿੱਆ ਕਿ ਨਗਰ ਨਿਗਮ ਤੋ ਪ੍ਰਵਾਨਗੀ ਲਏ ਬਗੈਰ ਸੀਵਰੇਜ਼ ਅਤੇ ਪਾਣੀ ਦੇ ਨਜਾਇਜ ਕੁਨੈਕਸ਼ਨ ਕਰਨ ਵਾਲੇ ਲੋਕਾਂ ਦੇ ਖਿਲਾਫ ਨਗਰ ਨਿਗਮ ਵੱਲੋਂ ਜੁਰਮਾਨੇ ਕੀਤੇ ਜਾਣਗੇ। ਇਸ ਸਬੰਧੀ ਨਗਰ ਨਿਗਮ ਦੀ ਵਿਸ਼ੇਸ਼ ਟੀਮ ਵੱਲੋਂ ਹਰ ਰੋਜ਼ ਸ਼ਹਿਰ ਵਿੱਚ ਚੈਕਿੰਗ ਕੀਤੀ ਜਾਵੇਗੀ।